<u>**ਨਵੀਂ ਰਿਪੋਰਟ ਭਾਰਤ ਸਰਕਾਰ ਵਲੋਂ ਪੰਜਾਬ ਵਿਚ ਖਾੜਕੂ-ਵਿਰੋਧੀ ਮੁਹਿੰਮ ਦੇ ਕਿੱਸੇ ਨੂੰ ਝੁਠਲਾਉਂਦੀ ਹੈ**</u>

*(ਫਰੀਮਾਂਟ, ਕੈਲੀਫੋਰਨੀਆ, ਜਨਵਰੀ ੨੬, ੨੦੦੯)* - ਭਾਰਤੀ ਨਾਗਰਿਕ ਇਸ ਹਫ਼ਤੇ ਸੰਵਿਧਾਨ ਦੀ ਮਨਜ਼ੂਰੀ ਦੀ ਨਿਸ਼ਾਨਦੇਹੀ ਵਜੋਂ ਗਣਤੰਤਰ ਦਿਵਸ ਮਨਾਉਣ ਲਈ ਇਕੱਠੇ ਹੋਣਗੇ, ਪਰ ਇਕ ਨਵੀਂ ਜਾਰੀ ਹੋਈ ਰਿਪੋਰਟ ਵਿੱਚ ਕੀਤਾ ਆਂਕੜਿਆਂ ਦਾ ਵਿਸ਼ਲੇਸ਼ਣ ਭਾਰਤ ਵਿਚ ਸਵਿੰਧਾਨਿਕ ਅਧਿਕਾਰਾਂ ਨੂੰ ਮੁਅੱਤਲ ਕਰਨ ਦੀ ਮਨੁੱਖੀ ਕੀਮਤ ਨੂੰ ਫੋਲਦਾ ਹੈ।"ਇਨਸਾਫ਼" ਜਥੇਬੰਦੀ (Ensaaf) ਅਤੇ ਬੈਨੇਟੈਕ ਹਿਊਮਨ ਰਾਈਟਸ ਡੇਟਾ ਅਨਾਲਿਸਿਸ ਗਰੁੱਪ(HRDAG) ਨੇ ਅੱਜ ਇਕ ਰਿਪੋਰਟ ਜਾਰੀ ਕੀਤੀ ਹੈ ਜੋ ਕਿ ਪੰਜਾਬ ਵਿਚ ਸਰਕਾਰ ਹੱਥੋਂ ਲਾਪਤਾ ਕੀਤੇ ਗਏ ਬੰਦਿਆਂ ਅਤੇ ਗੈਰਕਾਨੂੰਨੀ ਕਤਲ ਦੀਆਂ ਘਟਨਾਵਾਂ ਦੀ ਗਣਾਤਮਕ ਖੋਜ ਨੂੰ ਪੇਸ਼ ਕਰਦੀ ਹੈ ਅਤੇ ਭਾਰਤ ਦੇ ਪੰਜਾਬ ਦੀ ਖਾੜਕੂ-ਵਿਰੋਧੀ ਮੁਹਿੰਮ ਨੂੰ "ਕਾਮਯਾਬ" ਅਤੇ "ਰਹਿਮ-ਦਿਲ" ਜਤਨਾਂ ਵਾਲੇ ਬਿਆਨ ਨੂੰ ਝੁਠਲਾਉਂਦੀ ਹੈ।

"ਇਨਸਾਫ਼" ਅਤੇ HRDAG ਦੀ ਇਹ ਰਿਪੋਰਟ, *"ਖਾੜਕੂ-ਵਿਰੋਧੀ ਮੁਹਿੰਮ ਦੌਰਾਨ ਪੰਜਾਬ ਵਿੱਚ ਹੋਈਆਂ ਲਾਪਤਾ ਕਰਨ ਤੇ ਹਿੰਸਕ ਮੌਤਾਂ ਦੀਆਂ ਘਟਨਾਵਾਂ" (Violent Deaths and Enforced Disappearances During the Counterinsurgency in Punjab, India),"* ਪ੍ਰਯੋਗਸਿੱਧ ਖੋਜਾਂ ਨਾਲ ਵਿਸਥਾਰ ਪੇਸ਼ ਕਰਦੀ ਹੈ ਕਿ ੧੯੯੦ ਦੇ ਦਹਾਕੇ ਦੀ ਸ਼ੁਰੂਆਤ ਵਿਚ ਪੰਜਾਬ ਦੀ ਖਾੜਕੂ-ਵਿਰੋਧੀ ਮੁਹਿੰਮ 'ਚ ਤੀਬਰਤਾ ਦੇ ਨਾਲ ਨਾਲ ਰਾਜ ਪੱਧਰੀ ਹਿੰਸਾ ਵਿਚ ਬਦਲਾ ਦੇਖਣ ਨੂੰ ਮਿਲਿਆ, ਜਿਸ ਅਧੀਨ ਮਨੁੱਖੀ ਹੱਕਾਂ ਦੀਆਂ ਕਾਤਿਲਾਨਾ ਉਲੰਘਣਾਵਾਂ ਤੋਂ ਲੈਕੇ ਯੋਜਨਾ-ਸਹਿਤ ਅਨੇਕਾਂ ਜ਼ਬਰਦਸਤੀ ਲਾਪਤਾ ਕਰਨ, ਗੈਰਕਾਨੂੰਨੀ ਕਤਲਾਂ ਅਤੇ "ਗੈਰਕਾਨੂੰਨੀ ਫੂਕਣ" (Illegal cremations) ਦੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਗਿਆ। ਭਾਰਤੀ ਸੁਰੱਖਿਆ ਅਧਿਕਾਰੀਆਂ ਨੇ ੧੯੮੪ ਤੋਂ ੧੯੯੫ ਤੱਕ ਪੰਜਾਬ ਵਿਚ ਹੋਈ ਬਗਾਵਤ-ਰੋਕੂ ਮੁਹਿੰਮ ਦੌਰਾਨ ਮਨੁੱਖੀ ਹੱਕਾਂ ਦੀ ਉਲੰਘਣਾ ਵਾਲੇ ਦਾਅਵਿਆਂ ਨੂੰ ਸਰਕਾਰੀ ਨੀਤੀ ਦੀ ਬਜਾਏ ਕੁਝ ਇੱਕੇ-ਦੁੱਕੇ ਮੁਲਾਜ਼ਮਾਂ ਦੀਆਂ ਆਪ-ਹੁਦਰੀਆਂ ਹਰਕਤਾਂ ਕਹਿ ਕੇ ਰੱਦ ਕੀਤਾ ਜਾਂਦਾ ਰਿਹਾ ਹੈ।

ਇਸ ਰਿਪੋਰਟ ਦੇ ਸਹਿ-ਲੇਖਕ ਅਤੇ HRDAG ਦੇ ਖੋਜਕ ਰੋਮੇਸ਼ ਸਿਲਵਾ ਨੇ ਦੱਸਿਆ ਕਿ, " ਇਹ ਰਿਪੋਰਟ ਆਜ਼ਾਦ ਸੋਮਿਆਂ ਤੋਂ ਇਕੱਠੇ ਕੀ ਤੇ ੨੦੦੦੦ ਤੋਂ ਵੱਧ ਰਿਕਾਰਡਾਂ ਦਾ ਆਂਕਣਾਂਤਮਕ ਨਾਲ ਅਧਿਐਨ ਕਰਕੇ, ਭਾਰਤੀ ਸੁਰੱਖਿਆ ਤਾਕਤਾਂ ਵੱਲੋਂ ਜ਼ਬਰਦਸਤੀ ਲਾਪਤਾ ਕਰਨਅਤੇ ਗੈਰਕਾਨੂੰਨੀ ਕਤਲ ਕਰਨ ਦੀਆਂ ਘਟਨਾਵਾਂ ਬਾਰੇ ਘੜੀਆਂ ਸਫਾਈਆਂ ਦੇ ਕਿੱਸੇ ਨੂੰ ਵੰਗਾਰਦੀ ਹੈ"। ਉਨ੍ਹਾਂ ਇਹ ਵੀ ਕਿਹਾ ਕਿ, " ਇਹ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਹਾਜ਼ਰ ਸਬੂਤਾਂ ਦੇ ਮੱਦੇ ਨਜ਼ਰ ਸਰਕਾਰ ਦਾ ਹੱਕਾਂ ਦੀ ਉਲੰਘਣਾ ਦੀ ਹੱਦ ਅਤੇ ਤਰੀਕਿਆਂ ਬਾਰੇ ਪੇਸ਼ ਕੀਤਾ ਦਾਅਵਾ ਯਕੀਨ ਕਰਨ ਯੋਗ ਨਹੀਂ ਹੈ। ਪੀੜਤਾਂ ਦੇ ਉਨ੍ਹਾਂ ਦੇ ਪਰਿਵਾਰਾਂ ਨੂੰ ਸੱਚ ਜਾਣਨ ਦਾ ਪੂਰਾ ਹੱਕ ਹੈ।"

ਮਨੁੱਖੀ ਅਧਿਕਾਰ ਸੰਸਥਾਵਾਂ ਨੇ ਪੰਜਾਬ ਵਿਚ ਕਾਨੂੰਨੀ ਖਰਾਬੀ ਅਤੇ ਭਾਰਤੀ ਸੁਰੱਖਿਆ ਅਧਿਕਾਰੀਆਂ ਵਲੋਂ ਕੀਤੇ ਗਏ ਬਹੁਭਾਂਤੀ ਤਸੀਹਿਆਂ ਬਾਰੇ ਅਤੇ ਸਰਕਾਰੀ ਕਾਰਿੰਦਿਆਂ ਨੂੰ ਲਗਾਤਾਰ ਹਾਸਲ ਸਜ਼ਾ-ਮੁਕਤੀ ਬਾਰੇ ਕਾਫੀ ਗੁਣਾਤਮਕ ਸਬੂਤ ਇਕੱਠੇ ਕੀਤੇ ਹਨ। ਹੁਣ ਤਕ ਇਨ੍ਹਾਂ ਸੰਸਥਾਵਾਂ ਕੋਲ ਆਂਕੜਿਆਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰ ਕੇ ਭਾਰਤੀ ਸਰਕਾਰ ਦੀਆਂ ਸਫਾਈਆਂ ਨੂੰ ਵੰਗਾਰਨ ਦੀ ਸਮਰਥਾ ਨਹੀਂ ਸੀ।

ਇਹ ਰਿਪੋਰਟ ਸਰਕਾਰ ਅਧਿਕਾਰੀਆਂ ਦੇ ਇਸ ਕਥਨ ਕਿ "ਮਨੁੱਖੀ ਹੱਕਾਂ ਦੀ ਉਲੰਘਣਾਵਾਂ ਬਹੁਤ ਵਿਰਲੀਆਂ ਅਤੇ ਕੁਝ ਕੁ ਗੈਰ-ਇਖ਼ਲਾਕੀ ਸਨ" ਨੂੰ ਵਿਗਿਆਨਕ ਤੌਰ ਤੇ ਸ਼ੱਕੀ ਸਾਬਤ ਕਰਦੀ ਹੈ। ਸਮੇਂ ਅਤੇ ਥਾਂ ਪਾਰ ਹੋਈਆਂ ਮਨੁੱਖੀ ਹੱਕਾਂ ਦੀਆਂ ਕੁਰੀਤੀਆਂ ਅਤੇ ਸਮੁੱਚੀ ਕਾਤਿਲਾਨਾ ਹਿੰਸਾ ਵਿਚਕਾਰ ਇਸ ਖੋਜ ਰਾਹੀਂ ਲੱਭਿਆ ਰਿਸ਼ਤਾ, ਇਸ ਗੱਲ ਦੀ ਹਿਮਾਇਤ ਕਰਦਾ ਹੈ

ਕਿ ਜ਼ਬਰਦਸਤੀ ਲਾਪਤਾ ਅਤੇ ਗੈਰਕਾਨੂੰਨੀ ਕਤਲ ਕਰਨ ਦੀਆਂ ਘਟਨਾਵਾਂ ਸੁਰੱਖਿਆ ਫੌਜਾਂ ਵਲੋਂ ਖਾੜਕੂਵਾਦ ਦੇ ਸਮੇਂ ਵਰਤੀ ਗਈ ਇਕ ਵਸ਼ਿਸ਼ਠ ਯੋਜਨਾ ਅਤੇ ਕਾਇਦੇਬੰਦ ਢੰਗ ਦੀ ਨੀਤੀ ਦਾ ਹਿੱਸਾ ਸਨ।

ਇਹ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ੧੯੮੮ ਤੇ ੧੯੯੫ ਦੌਰਾਨ, ਸੁਰੱਖਿਆ ਫੌਜਾਂ ਨਾਲ ਹੋਏ "ਮੁਕਾਬਲਿਆਂ" (encounter) ਵਿਚ ਹੋਈਆਂ ਖਾੜਕੂ ਮੌਤਾਂ ਦਾ, ਅਤੇ ਪੀੜਤਾਂ ਦੇ ਪਰਿਵਾਰਾਂ ਵੱਲੋ ਮਨੁੱਖੀ ਅਧਿਕਾਰ ਕੁਰੀਤੀਆਂ ਦੇ ਵਰਣਨ ਨਾਲ ਬਹੁਤ ਪੱਕਾ ਸਬੰਧ ਸੀ। ਇਹ ਸਬੰਧ ਮਨੁੱਖੀ ਅਧਿਕਾਰ ਸੰਸਥਾਵਾਂ ਦੇ ਇਸ ਕਰਾਰ ਨੂੰ ਹੋਰ ਵੀ ਮਜ਼ਬੂਤ ਕਰਦਾ ਹੈ ਕਿ ਇਹ "ਮੁਕਾਬਲੇ" ਸੁਰੱਖਿਆ ਫੌਜਾਂ ਵੱਲੋ ਗੈਰਕਾਨੂੰਨੀ ਹੱਤਿਆਵਾਂ ਨੂੰ ਲਕੋਣ ਵਾਸਤੇ ਝੂਠੇ ਅਤੇ ਮਨਘੜਤ ਕਿੱਸੇ ਸਨ।

ਇਹ ਰਿਪੋਰਟ ਅੱਗੇ ਪੇਸ਼ ਕਰਦੀ ਹੈ ਕਿ ੧੯੯੧ ਤੋਂ ਬਾਅਦ ਜਦੋਂ ਮੁਨੱਖੀ ਹੱਕਾਂ ਦੀ ਤਬਾਹੀ ਬਹੁਤ ਵੱਧ ਗਈ ਅਤੇ ਥੋੜੇ ਪਰਿਵਾਰ ਹੀ ਆਪਣੇ ਬੰਦਿਆਂ ਦੀਆਂ ਲਾਸ਼ਾ ਬਰਾਮਦ ਕਰ ਸਕੇ, ਇੰਡੀਅਨ ਹਿਊਮਨ ਰਾਈਟਸ ਕਮੀਸ਼ਨ ਵੱਲੋ "ਗੈਰਕਾਨੂੰਨੀ ਫੂਕਣ" (Illegal cremation) ਦੇ ਕੇਸ ਵੀ ਬਹੁਤ ਵੱਧ ਗਏ ਸਨ। ਇਨ੍ਹਾਂ ਘਟਨਾਵਾਂ ਵਿਚਕਾਰ ਸੰਬਧ ਦੱਸਦੇ ਹਨ ਕਿ ਜਦੋਂ ਖਾੜਕੂ ਵਿਰੋਧੀ ਮੁੰਹਿਮ ਸਿਖਰ ਤੇ ਸੀ, ਤਾਂ ਬਹੁਗਿਣਤੀ ਜ਼ਬਰਦਸਤੀ ਲਾਪਤਾ ਕਰਨ ਦੀਆਂ ਘਟਨਾਵਾਂ, ਗੈਰਕਾਨੂੰਨੀ ਕਤਲਾਂ ਅਤੇ ਲਾਸ਼ਾਂ ਨੂੰ ਗਾਇਬ ਕਰਨ ਲਈ ਕੀਤੇ ਸਮੂਹਿਕ ਸੰਸਕਾਰਾਂ ਕਰਕੇ ਹੀ ਰਾਜ ਪੱਧਰੀ ਹਿੰਸਾ ਵਿੱਚ ਵਾਧਾ ਹੋਇਆ।

"ਇਨਸਾਫ਼" ਦੀ ਪ੍ਰੋਗਰਾਮ ਐਸੋਸਿਏਟ ਅਤੇ ਸਹਿ-ਲੇਖਕ ਜੈਸਮੀਨ ਮਰਵਾਹਾ ਨੇ ਕਿਹਾ ਕਿ, "ਇਹ ਰਿਪੋਰਟ ਭਾਰਤ ਸਰਕਾਰ ਨੂੰ ਜਾਗਣ ਲਈ ਵੰਗਾਰਦੀ ਹੈ ਕਿ ਸਰਕਾਰ ਦੀਆਂ ਸੁਰੱਖਿਆਂ ਨੀਤੀਆਂ ਅਤੇ ਕਾਇਦੇ ਭਾਰਤ ਦੇ ਨਾਗਰਿਕਾਂ ਦੇ ਬੁਨਿਆਦੀ ਅਧਿਕਾਰਾਂ ਦੀ ਉਲੰਘਣਾ ਕਰਦੇ ਹਨ।" ਉਨ੍ਹਾਂ ਇਹ ਵੀ ਕਿਹਾ ਕੇ ਕਿ, "ਇਹ ਉਚ ਕੋਟੀ ਦੀ ਖੋਜ ਦੱਸਦੀ ਹੈ ਕਿ ਪੰਜਾਬ ਵਿਚ ਕੁਰੀਤੀਆਂ ਇੱਕ ਤਰਤੀਬਵਾਰ ਨੀਤੀ ਹੇਠ ਹੋਈਆਂ, ਜਿਸ ਕਰਕੇ ਸਰਕਾਰ ਸੁੱਰਖਿਆ ਦਾ ਅਲੰਕਾਰ ਕਰਦੇ ਸਮੇਂ ਇਨ੍ਹਾ ਹਕੀਕਤਾਂ ਤੋਂ ਮੁੱਕਰ ਨਹੀਂ ਸਕੇਗੀ। ਲੋਕ ਹੁਣ ਇਸ ਰਿਪੋਰਟ ਦੀ ਬਿਨਾਹ ਤੇ ਸਰਕਾਰ ਦੀਆਂ ਝੂਠੀਆਂ ਕਹਾਣੀਆਂ ਨੂੰ ਲਲਕਾਰ ਸਕਣਗੇ ਅਤੇ ਸੱਚ, ਇਨਸਾਫਕ ਹੱਕਾਂਤੇ ਮੁਆਵਜ਼ੇ ਦੀ ਮੰਗ ਸਕਣਗੇ।

ਇਹ ਰਿਪੋਰਟ ਹੁਣ ਤੱਕ ਦੀ ਪੰਜਾਬ ਵਿਚ ਖਾੜਕੂ ਵਿਰੋਧੀ ਮੁੰਹਿਮ ਦੌਰਾਨ ਹੋਈਆਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦੇ ਹਿਸਾਬਾਂ ਦਾ ਖੋਜ ਭਰਪੂਰ ਅਤੇ ਆਂਕੜਿਆਂ ਭਰਿਆ ਵਿਸ਼ਲੇਸਣ ਹੈ। ਇਸ ਵਿਸ਼ਲੇਸਣ ਵਿੱਚ ਅੰਗਰੇਜ਼ੀ ਅਖਬਾਰ ਟ੍ਰਿਬਿਊਨ (Tribune) ਵਿਚ ਛਪੇ ਅੰਕੜੇ, ਸਵਰਗੀ ਸ. ਜਸੰਵਤ ਸਿੰਘ ਖਾਲੜਾ ਵਲੋਂ ਇੱਕਠੇ ਕੀਤੇ ਸ਼ਮਸ਼ਾਨ ਭੂਮੀਆਂ ਦੇ ਖਾਤੇ, ਇੰਡਿਅਨ ਨੈਸ਼ਨਲ ਹਿਊਮਨ ਰਾਈਟਜ਼ ਕਮੇਟੀ (Indian National Human Rights Committee) ਵਲੋ ਮੰਨੇ ਗੈਰਕਾਨੂੰਨੀ ਫੂਕੀਆਂ ਲਾਸ਼ਾਂ ਦੇ ਤੱਥਾਂ ਅਤੇ *ਕਮੇਟੀ ਫਾਰ ਕੁਆਡੀਨੇਸ਼ਨ ਆਨ ਡਿਸਅਪੀਅਰੈਂਸਜ਼ ਇਨ ਪੰਜਾਬ* (Committee for Coordination On Disappearances in Punjab) ਅਤੇ ਪੀਪਲਜ਼ ਕਮੀਸ਼ਨ ਆਨ ਹਿਊਮਨ ਰਾਈਟਜ਼ ਵਾਇਲੇਸ਼ਨ ਇਨ ਪੰਜਾਬ (People's Commission on Human Rights Violation in Punjab) ਵੱਲੋ ਦਿੱਤੇ ਗਏ ਆਂਕੜੇ ਸ਼ਾਮਿਲ ਹਨ। ਇਸ ਰਿਪੋਰਟ ਵਿੱਚ ਦਰਸਾਈਆਂ ਮਨੁੱਖੀ ਹੱਕ ਉਲੰਘਣਾਵਾਂ, ਕਥਿਤ ਖਾੜਕੂਆ ਦੀਆਂ ਮੌਤਾਂ ਅਤੇ ਗੈਰਕਾਨੂੰਨੀ ਫੂਕੀਆਂ ਲਾਸ਼ਾਂ ਦਾ ਆਪਸੀ ਰਿਸ਼ਤਾ ਪੰਜਾਬ ਵਿਚ ਹੋਈ ਕਾਤਿਲਾਨਾ ਹਿੰਸਾ ਤੇ ਜਬਰ ਅਤੇ ਬੇਹਿਸਾਬੀ ਤਾਕਤ ਦੀ ਵਰਤੋਂ ਬਾਰੇ ਸਰਕਾਰੀ ਬਿਆਨ ਅਤੇ ਉਚਿੱਤਤਾ ਉੱਪਰ ਸ਼ੱਕ ਨੂੰ ਅਗੇਰੇ ਵਧਾਉਂਦਾ ਹੈ।

ਇਸ ਤਰਾਂ ਦੀ ਵਧੀਕ ਜਾਣਕਾਰੀ ਅਤੇ ਵਿਸ਼ਲੇਸ਼ਣ, ਸਮੁੱਚੇ ਪੰਜਾਬ ਵਿਚ ਹੋਈ ਸਰਕਾਰੀ ਹਿੰਸਾ ਦੀ ਮਾਤਰਾ ਅਤੇ ਰੂਪ ਦਾ ਖੁਲਾਸਾ ਕਰਨ ਵਿੱਚ ਮੱਦਦ ਕਰਨਗੇ, ਅਤੇ ਖਾੜਕੂ ਵਿਰੋਧੀ ਮੁਹਿੰਮ ਦੇ ਮਨੁੱਖੀ ਅਧਿਕਾਰਾਂ ਉੱਪਰ ਅਸਰ ਬਾਰੇ ਬਹਿਸ ਨੂੰ ਹੋਰ ਵੱਡਾ ਕਰਨਗੇ। ਮੁਲਕੀ ਹਿੰਸਾ ਦਾ ਵਿਗਿਆਨਕ ਪੱਖ ਤੋਂ ਵਿਸ਼ਲੇਸ਼ਣ, ਇੱਕ ਸੱਚੇ ਜਨਤਕ ਤੇ ਸੰਵਾਦ ਵਿੱਚ ਮੱਦਦ ਕਰੇਗਾ, ਤੇ ਨਾਲ ਹੀ ਪੰਜਾਬ 'ਚ ਖਾੜਕੂ ਵਿਰੋਧੀ ਮੁੰਹਿਮ ਬਾਰੇ ਇਤਿਹਾਸਿਕ ਤੌਰ ਤੇ ਸਹੀ ਵਿਸਥਾਰ ਅਤੇ ਹੱਕ ਦੀ ਲੜਾਈ ਵਿੱਚ ਸਹਾਈ

ਹੋਵੇਗਾ। ਇਹ ਉੱਦਮ "ਇਨਸਾਫ਼" (Ensaaf) ਅਤੇ HRDAG ਦਾ ਪੰਜਾਬ ਵਿਚ ਹੋਈ ਬਗਾਵਤ-ਰੋਕੂ ਮੁਹਿੰਮ ਦੌਰਾਨ ਹੋਈਆਂ ਸਰਕਾਰੀ ਵਧੀਕੀਆਂ ਦੇ ਨਵੇਂ ਸਬੂਤ ਇਕੱਠੇ ਕਰਕੇ ਸੱਚ, ਹੱਕ ਅਤੇ ਹਿਸਾਬੀ ਕਾਰਵਾਈ ਲਈ ਪੇਸ਼ ਕਰਨ ਦਾ ਸਹਿਯੋਗੀ ਉਪਰਾਲਾ ਹੈ।

---

ਇਨਸਾਫ਼" ਅਤੇ HRDAG ਦੀ ਇਹ ਰਿਪੋਰਟ, " ਵਾਇਲੈਂਟ ਡੈਥਸ ਐਂਡ ਏਨਫੋਰਸਡ ਡਿਸਅਪੀਅਰੈਂਸਿਸ ਡਿਊਰਿੰਗ ਦੀ ਕਾਊਂਟਰਇਨਸਰਜੈਂਸੀ ਇਨ ਪੰਜਾਬ, ਇੰਡਿਆ (Violent Deaths and Enforced Disappearances During the Counterinsurgency in Punjab, India)," ਹਾਸਲ ਕਰਨ ਦਾ ਅਡਰੈੱਸ:
http://www.ensaaf.org/reports/descriptiveanalysis/

ਇਹ ਰਿਪੋਰਟ ਤਸਵੀਰਾਂ ਦੀ ਜ਼ੁਬਾਨੀ:
http://www.ensaaf.org/multimedia/photoessays/descriptiveanalysis/